ਭਾਈਚਾਰੇ ਸੰਬੰਧੀ ਸੇਵਾਵਾਂ ਲਈ ਸੰਯੁਕਤ ਰਾਜ ਦਾ ਨਿਆਂ ਵਿਭਾਗ (U.S. Department of Justice Community Relations Service)

ਵਿਦਿਆਰਥੀਆਂ ਨੂੰ ਸਸ਼ਕਤ ਬਣਾਉਣਾ

ਮਿਲਵਰਤਨ ਨਾਲ ਸਕੂਲ ਦੇ ਵਿਵਾਦਾਂ ਦੀ ਪਛਾਣ ਕਰਨਾ ਅਤੇ ਉਹਨਾਂ ਦਾ ਹੱਲ ਕਰਨਾ

ਭਾਈਚਾਰੇ ਸੰਬੰਧੀ ਸੇਵਾਵਾਂ ਲਈ ਸੰਯੁਕਤ ਰਾਜ ਦਾ ਨਿਆਂ ਵਿਭਾਗ (U.S. Department of Justice Community Relations Service) (ਸੀ.ਆਰ.ਐਸ.) (CRS) ਵਿਦਾਰਥੀਆਂ ਦੀਆਂ ਆਪਣੀਆਂ **ਸ**ਮੱਸਿਆਵਾਂ ਨੂੰ **ਇ**ਕੱਠੇ ਮਿਲ ਕੇ ਹੱਲ ਕਰਨ ਲਈ ਚਲਾਏ **ਵਿ**ਦਿਆਰਥੀ **ਸ**ਮੱਸਿਆ **ਪ**ਛਾਣ ਅਤੇ **ਸ**ਮਾਧਾਨ School-SPIRIT ਪ੍ਰੋਗਰਾਮ ਰਾਹੀਂ ਸਕੂਲ ਦੇ ਵਿਵਾਦਾਂ ਨੂੰ ਹੱਲ ਕਰਨ ਵਿੱਚ ਮਦਦ ਕਰਦਾ ਹੈ। ਇਹ ਪ੍ਰੋਗਰਾਮ ਨਸਲ, ਰੰਗ, ਰਾਸ਼ਟਰੀ ਮੂਲ, ਲਿੰਗ, ਲਿੰਗ ਪਛਾਣ, ਜਿਨਸੀ ਰੁਝਾਨ, ਜਾਂ ਅਯੋਗਤਾ ਦੀਆਂ ਸਮੱਸਿਆਵਾਂ ਨਾਲ ਸੰਬੰਧਿਤ ਤਣਾਅ ਅਤੇ ਵਿਵਾਦ ਦਾ ਹੱਲ ਕਰਨ ਵਿੱਚ ਸਕੂਲਾਂ ਦੀ ਮਦਦ ਕਰਦਾ ਹੈ।

ਸੀ.ਆਰ.ਐਸ. (CRS), ਸਿੱਖਿਅਤ ਵਲੰਟੀਅਰ ਸੁਵਿਧਾਕਰਤਾਵਾਂ ਦੇ ਨਾਲ, School-SPIRIT ਪ੍ਰੋਗਰਾਮ ਦਾ ਪ੍ਰਦਾਨ ਕਰਦਾ ਹੈ, ਜਿਸ ਵਿੱਚ ਬਹੁਭਾਂਤੀ ਵਿਦਿਆਰਥੀਆਂ ਦੇ ਸਮੂਹਾਂ ਨੂੰ ਇੱਕਠਾ ਕੀਤਾ ਜਾਂਦਾ ਹੈ, ਤਾਂ ਕਿ ਇੱਕ ਪੂਰਾ ਦਿਨ ਜਾਂ ਦੋ ਅੱਧੇ ਦਿਨ ਲਗਾ ਕੇ ਸਮੱਸਿਆਵਾਂ ਨੂੰ ਪਛਾਣਿਆ ਅਤੇ ਉਹਨਾਂ ਦਾ ਹੱਲ ਕੀਤਾ ਜਾ ਸਕੇ। ਇਹ ਵਿਦਿਆਰਥੀਆਂ ਵੱਲੋਂ ਚਲਾਇਆ ਜਾਣ ਵਲਾ ਪ੍ਰੋਗਰਾਮ ਹੈ ਅਤੇ ਵਿਦਿਆਰਥੀਆਂ ਦੀ ਸਮੱਸਿਆ ਨਿਵਾਰਨ ਦੇ ਹੁਨਰ ਵਿਕਸਿਤ ਕਰਨ ਵਿੱਚ ਮਦਦ ਕਰਦਾ ਹੈ, ਜਿਸ ਵਿੱਚ ਸਮੱਸਿਆ ਨੂੰ ਪਛਾਣਨਾ ਅਤੇ ਉਹਨਾਂ ਦਾ ਤਰਜੀਹੀਕਰਨ ਕਰਨਾ, ਫ਼ੈਸਲਾ ਲੈਣਾ, ਅਤੇ ਹੱਲ ਵਿਕਸਿਤ ਕਰਨਾ ਸ਼ਾਮਲ ਹੈ। ਜਿਸਦੇ ਨਤੀਜੇ ਵਜੋਂ, ਵਿਦਿਆਰਥੀ ਆਪਣੇ ਸਕੂਲਾਂ ਵਿੱਚ ਵਿਵਾਦਾਂ ਨੂੰ ਹੱਲ ਕਰਨ ਲਈ ਅਗਵਾਈ ਵਾਲੀ ਭੂਮਿਕਾ ਨਿਭਾਉਂਦੇ ਹਨ ਅਤੇ ਭਵਿੱਖ ਵਿੱਚ ਹੋਣ ਵਾਲੇ ਵਿਵਾਦਾਂ ਨੂੰ ਵਰਜਣ ਲਈ ਹੁਨਰ ਅਤੇ ਸਮਰੱਥਾ ਦਾ ਨਿਰਮਾਣ ਕਰਦੇ ਹਨ।

ਪ੍ਰੋਗਰਾਮ ਦੀ ਰੂਪ-ਰੇਖਾ

1. ਸਮੱਸਿਆ ਨੂੰ ਪਛਾਣਨਾ ਵਿਦਿਆਰਥੀ ਛੋਟੇ ਛੋਟੇ ਸਮੂਹਾਂ ਵਿੱਚ ਕੰਮ ਕਰਦੇ ਹਨ ਤਾਂ ਜੋ ਉਹਨਾਂ ਦੇ ਸਕੂਲ ਨੂੰ ਪ੍ਰਭਾਵਿਤ ਕਰ ਰਹੀਆਂ ਸਮੱਸਿਆਵਾਂ ਦੀ ਪਛਾਣ ਕੀਤੀ ਜਾ ਸਕੇ, ਜਿਸ ਦੇ ਵਿੱਚ ਇਹ ਵੀ ਸ਼ਾਮਲ ਹੈ ਕਿ ਕੀ ਵਧੀਆ ਕੰਮ ਕਰ ਰਿਹਾ ਹੈ ਅਤੇ ਕਿਸ ਚੀਜ਼ ਨੂੰ ਬਦਲਣ ਦੀ ਲੋੜ ਹੈ। ਇਹ ਛੋਟੇ ਸਮੂਹ ਫਿਰ ਆਪਣੇ ਨਿਸ਼ਕਰਸ਼ਾਂ ਦੀ ਰਿਪੋਰਟ ਇੱਕ ਵੱਡੇ ਸਮੂਹ ਦੇ ਸਪੁਰਦ ਕਰਦੇ ਹਨ।

2. ਸਮੱਸਿਆ ਤਰਜੀਹੀਕਰਨ

ਛੋਟੇ ਸਮੂਹਾਂ ਵਿੱਚ ਪਛਾਣੀਆਂ ਗਈਆਂ ਸਮੱਸਿਆਵਾਂ ਵਿੱਚੋਂ, ਵਿਦਿਆਰਥੀ ਉਹਨਾਂ ਮੁੱਦਿਆਂ ਨੂੰ ਪਛਾਣਦੇ ਅਤੇ ਤਰਜੀਹ ਦਿੰਦੇ ਹਨ ਜੋ ਸਕੂਲ ਵਾਸਤੇ ਹੱਲ ਕਰਨੇ ਸਭ ਤੋ ਜ਼ਰੂਰੀ ਹਨ।

3. ਹੱਲ ਵਿਕਸਿਤ ਕਰਨੇ ਵਿਦਿਆਰਥੀਆਂ ਨੂੰ ਪਛਾਣੀਆਂ ਗਈਆਂ ਸਮੱਸਿਆਵਾਂ ਜਿਨ੍ਹਾਂ ਨੂੰ ਤਰਜੀਹ ਦਿੱਤੀ ਗਈ ਹੈ, ਉਹਨਾਂ ਲਈ ਹੱਲ ਵਿਕਸਿਤ ਕਰਨ ਦੇ ਉਦੇਸ਼ ਨਾਲ ਨਵੇਂ ਛੋਟੇ ਸਮੂਹਾਂ ਵਿੱਚ ਮੁੜ-ਨਿਯੁਕਤ ਕੀਤਾ ਜਾਂਦਾ ਹੈ। ਉਹ ਮੁਮਕਨ ਪ੍ਰਭਾਵਾਂ ਬਾਰੇ ਅਤੇ ਹਰ ਇੱਕ ਸੰਭਾਵੀ ਹੱਲ ਦੇ ਪਰਿਣਾਮਾਂ ਬਾਰੇ ਵਿਚਾਰ ਵਿਟਾਂਦਰਾ ਕਰਦੇ ਹਨ ਅਤੇ ਆਪਣੇ ਨਿਸ਼ਕਰਸ਼ਾਂ ਨੂੰ ਵੱਡੇ ਸਮੂਹ ਨੂੰ ਰਿਪੋਰਟ ਕਰਦੇ ਹਨ।

4. SPIRIT ਕੌਂਸਲ ਵਿਦਿਆਰਥੀ ਭਾਗੀਦਾਰ SPIRIT ਕੌਂਸਲ ਲਈ ਮੈਂਬਰ ਚੁਣਦੇ ਅਤੇ ਨਿਯੁਕਤ ਕਰਦੇ ਹਨ। ਕੌਂਸਲ ਵਿਦਿਆਰਥੀ ਆਗੂਆਂ ਦਾ ਇੱਕ ਸਥਾਈ ਸਮੂਹ ਹੁੰਦਾ ਹੈ ਜੋ ਸਕੂਲ ਪ੍ਰਸ਼ਾਸਕਾਂ ਨਾਲ ਮਿਲ ਕੇ ਉਹਨਾਂ ਹੱਲਾਂ ਨੂੰ ਲਾਗੂ ਕਰਨ ਦਾ ਕੰਮ ਕਰਦੇ ਹਨ ਜਿਨ੍ਹਾਂ ਨੂੰ School- SPIRIT ਪ੍ਰਗਰਾਮ ਦੌਰਾਨ ਵਿਕਸਿਤ ਕੀਤਾ ਗਿਆ ਸੀ।

5. SPIRIT ਦੀ ਰਿਪੋਰਟ ਤਿਆਰ ਕਰਨਾ ਅਤੇ ਪ੍ਰੋਗਰਾਮ ਕਰਵਾਉਣਾ। ਸੀ.ਆਰ.ਐਸ (CRS) ਵੱਲੋਂ ਰਿਪੋਰਟ ਤਿਆਰ ਕਰਨ ਲਈ School-SPIRIT ਪ੍ਰੋਗਰਾਮ ਦੌਰਾਨ ਇਕੱਤਰ ਕੀਤੀ ਫੀਡਬੈਕ ਅਤੇ ਜਾਣਕਾਰੀ ਨੂੰ ਸੰਚਿਤ ਕੀਤਾ ਜਾਂਦਾ ਹੈ। ਸੀ.ਆਰ.ਐਸ. (CRS) ਫਿਰ SPIRIT ਕੌਂਸਲ ਅਤੇ ਸਕੂਲ ਦੀ ਲੀਡਰਸ਼ਿਪ ਤੋਂ ਰਿਪੋਰਟ ਦੀ ਸਮੀਖਿਆ ਕਰਵਾਉਂਦੀ ਹੈ ਅਤੇ ਠੋਸ ਕਾਰਜ ਯੋਜਨਾ ਕਦਮ ਲਾਗੂ ਕਰਵਾਉਂਦੀ ਹੈ ਤਾਂ ਜੋ ਉਹਨਾਂ ਸਮੱਸਿਆਵਾਂ ਦਾ ਹੱਲ ਕੱਢਿਆ ਜਾ ਸਕੇ ਜੋ ਪ੍ਰੋਗਰਾਮ ਦੌਰਾਨ ਵਿਚਾਰ-ਵਿਟਾਂਦਰਾ ਕੀਤੇ ਗਏ ਵਿਵਾਦਾਂ ਵਿੱਚ ਹਿੱਸਾ ਪਾ ਰਹੇ ਹਨ।

ਸਕੂਲਾਂ ਨੂੰ School-SPIRIT ਪ੍ਰੋਗਰਾਮ ਬਾਰੇ ਕਿਉਂ ਵਿਚਾਰ ਕਰਨਾ ਚਾਹੀਦਾ ਹੈ

ਸੀ.ਆਰ.ਐਸ. (CRS) ਬਾਰੇ

1964 ਦੇ ਨਾਗਰਿਕ ਅਧਿਕਾਰ ਅਧਿਨਿਯਮ (Civil Rights Act of 1964) ਦੇ ਸਿਰਲੇਖ X ਦੁਆਰਾ ਸਥਾਪਿਤ ਕੀਤੇ, ਸੀ.ਆਰ.ਐਸ. (CRS) ਦੀਆਂ ਸੇਵਾਵਾਂ ਦਾ ਵਿਸਤਾਰ 2009 ਦੇ ਮੈਥਿਊ ਸ਼ੈਫ਼ਰਡ ਅਤੇ ਜੇਮਸ ਬਾਯਰਡ ਜੂਨੀਅਰ, ਨਫ਼ਰਤ ਅਪਰਾਧ ਰੋਕਥਾਮ ਅਧਿਨਿਯਮ (Matthew Shepard and James Byrd, Jr., Hate Crimes Prevention Act of 2009) ਦੁਆਰਾ ਹੋਇਆ। ਸੀ.ਆਰ.ਐਸ (CRS), ਸਯੁੰਕਤ ਰਾਜ ਦੇ ਨਿਆਂ ਵਿਭਾਗ ਦਾ ਇੱਕ ਹਿੱਸਾ, ਉਹਨਾਂ ਭਾਈਚਾਰਿਆਂ ਲਈ "ਅਮਰੀਕਾ ਦੇ ਸ਼ਾਂਤੀਦੂਤ" ਦਾ ਕੰਮ ਕਰਦਾ ਹੈ ਜੋ ਨਸਲ, ਰੰਗ, ਰਾਸ਼ਟਰੀ ਮੂਲ, ਲਿੰਗ, ਲਿੰਗ ਪਛਾਣ, ਜਿਨਸੀ ਰੁਝਾਨ, ਧਰਮ, ਅਤੇ ਅਯੋਗਤਾ ਦੇ ਆਧਾਰ 'ਤੇ ਤਣਾਅ ਜਾਂ ਵਿਵਾਦ ਦਾ ਸਾਹਮਣਾ ਕਰ ਰਹੇ ਹਨ। ਸੀ.ਆਰ.ਐਸ (CRS) ਵੱਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਦੇ ਰਾਹੀਂ, ਏਜੰਸੀ ਇਹੋ ਜਿਹੇ ਭਾਈਚਾਰਿਆਂ ਦੇ ਮੈਂਬਰਾਂ ਦੀ ਵੱਧ ਰਹੇ ਗਿਆਨ, ਸਮਝ ਅਤੇ ਬਿਹਤਰ ਅੰਦਰੂਨੀ ਸੰਚਾਰ ਰਾਹੀਂ ਸੁਤੰਤਰ ਤੌਰ 'ਤੇ ਅਤੇ ਇੱਕ ਦੂਜੇ ਨਾਲ ਸਹਿਯੋਗ ਕਰਕੇ ਭਵਿੱਖ ਵਿੱਚ ਹੋਣ ਵਾਲੇ ਵਿਵਾਦਾਂ ਨੂੰ ਰੋਕਣ ਅਤੇ ਉਹਨਾਂ ਦਾ ਹੱਲ ਕਰਨ ਦੀ ਸਮਰੱਥਾ ਨੂੰ ਵਧਾਉਂਦੀ ਹੈ।

ਸੀ.ਆਰ.ਐਸ. (CRS) ਦੀਆਂ ਸੇਵਾਵਾਂ ਅਤੇ ਪ੍ਰੋਗਰਾਮ

ਸੀ.ਆਰ.ਐਸ (CRS) ਵੱਲੋਂ ਤਣਾਅ ਦਾ ਸਾਹਮਣਾ ਕਰ ਰਹੇ ਭਾਈਚਾਰਿਆਂ ਲਈ ਪ੍ਰੋਗਰਾਮਾਂ ਦੀ ਇੱਕ ਲੜੀ ਪ੍ਰਦਾਨ ਕੀਤੀ ਜਾਂਦੀ ਹੈ, ਜਿਸ ਨੂੰ ਉਹ ਸਮਝ ਪੈਦਾ ਕਰਨ, ਸਹਿਕਾਰਤਾ ਨੂੰ ਸੁਧਾਰਨ, ਅਤੇ ਭਵਿੱਖ ਵਿੱਚ ਹੋ ਸਕਣ ਵਾਲੇ ਮੱਤ-ਭੇਦਾਂ ਦੀ ਰੋਕਥਾਮ ਲਈ ਇੱਕ ਟੂਲ ਵਜੋਂ ਵਰਤ ਸਕਦੇ ਹਨ। ਸੀ.ਆਰ.ਐਸ (CRS) ਦੇ ਕਰਮਚਾਰੀ ਪੇਸ਼ਾਵਰ ਵਿਚੋਲੇ, ਸਹਾਇਕ, ਸਿੱਖਿਅਕ, ਅਤੇ ਸਲਾਹਕਾਰ ਹਨ ਜੋ ਕਿ ਭਾਈਚਾਰੇ ਦੇ ਮੈਂਬਰਾਂ ਨੂੰ ਇਕੱਠੇ ਕਰਕੇ ਉਹਨਾਂ ਦੀ ਮੌਜੂਦਾ ਵਿਵਾਦਾਂ ਦਾ ਹੱਲ ਕਰਨ ਅਤੇ ਭਵਿੱਖ ਵਿੱਚ ਹੋ ਸਕਣ ਵਾਲੇ ਵਿਵਾਦਾਂ ਦੀ ਰੋਕਥਾਮ ਕਰਨ ਦੀ ਸਮਰੱਥਾ ਨੂੰ ਹੋਰ ਵਧਾਉਣ ਵਿੱਚ ਅਨੁਭਵ ਰੱਖਦੇ ਹਨ।

ਅਸੀਂ ਕਿੱਥੇ ਕੰਮ ਕਰਦੇ ਹਾਂ

ਸੀ.ਆਰ.ਐਸ. (CRS) ਹੈੱਡਕੁਆਰਟਰ
ਵਾਸ਼ਿੰਗਟਨ, ਡੀ.ਸੀ.

ਸੀ.ਆਰ.ਐਸ. (CRS) ਦੇ ਖੇਤਰੀ ਦਫ਼ਤਰ

ਨਿਊ ਇੰਗਲੈਂਡ
ਬਾਸਟਨ, ਮੈਸਾਚੂਸੇਟਸ

ਮਿਡਵੈਸਟ
ਸ਼ਿਕਾਗੋ, ਇੱਲੀਨਾਏ

ਵੈਸਟਰਨ
ਲਾਸ ਐਂਜਲਿਸ, ਕੈਲੀਫੋਰਨੀਆ

ਨਾਰਥਈਸਟ
ਨਿਊ ਯਾਰਕ, ਨਿਊ ਯਾਰਕ

ਸਾਊਥਵੈਸਟ
ਡੈਲਾਸ, ਟੈਕਸਸ

ਨਾਰਥਵੈਸਟ
ਸੀਐਟਲ, ਵਾਸ਼ਿੰਗਟਨ

ਮਿਡ-ਅਟਲਾਂਟਿਕ
ਫ਼ਿਲਾਡੈਲਫਿਆ, ਪੈਨਸਿਲਵੇਨਿਆ

ਸੈਂਟਰਲ
ਕੈਨਸਾਸ ਸਿਟੀ, ਮਿਜ਼ੂਰੀ

ਸੀ.ਆਰ.ਐਸ. (CRS) ਦੇ ਫੀਲਡ ਦਫ਼ਤਰ

ਸਾਊਥਈਸਟ
ਅਟਲਾਂਟਾ, ਜਾਰਜੀਆ

ਰੋਕੀ ਮਾਊਂਟੇਨ
ਡੈਨਵਰ, ਕੋਲੋਰਾਡੋ

ਮਿਆਮੀ, ਫਲੋਰੀਡਾ
ਡਿਟਰਾਇਟ, ਮਿੱਸ਼ੀਗਨ
ਹੂਸਟਨ, ਟੈਕਸਾਸ
ਸੈਨ ਫ੍ਰਾਂਸਿਸਕੋ, ਕੈਲੀਫੋਰਨੀਆ



ਸਾਡੇ ਤੱਕ ਪਹੁੰਚੋ, ਅਤੇ ਸਾਡੇ ਨਾਲ ਜੁੜੋ
www.justice.gov/crs

facebook.com/DOJCRS/ | @DOJ_CRS | askcrs@usdoj.gov | 202.305.2935

ਇਸ ਪ੍ਰੋਗਰਾਮ ਬਾਰੇ ਜਾਂ ਸੀ.ਆਰ.ਐਸ. (CRS) ਦੀਆਂ ਹੋਰ ਸੇਵਾਵਾਂ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਆਪਣੇ ਸਥਾਨਕ ਸੀ.ਆਰ.ਐਸ. (CRS) ਦਫ਼ਤਰ ਨਾਲ ਸੰਪਰਕ ਕਰੋ:
https://www.justice.gov/crs/about-crs/regional-and-field-offices